# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801 ਈ-ਮੇਲ: edusat.punjab@gmail.com

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),ਪੰਜਾਬ।
2. ਐਜੂਸੈਟ ਸੁਵਿਧਾ ਵਾਲੇ ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ.: 24/8/2007/ਪੀ.ਈ.ਐਸ/ਫੀਲਡ ਰਿਪੋਰਟ/7883-84
ਮਿਤੀ: ..13.. ਅਗਸਤ, 2015.

ਵਿਸ਼ਾ: ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਐਜੂਸੈਟ ਪ੍ਰੋਗਰਾਮਾਂ ਵਿੱਚ ਭਾਗ ਲੈਣ ਸਬੰਧੀ।

1.0 ਪੰਜਾਬ ਐਜੂਸੈਟ ਸੁਸਾਇਟੀ ਦੇ ਨੈਟਵਰਕ ਰਾਹੀਂ ਸਰਕਾਰੀ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਵਿੱਚ ਸਟੂਡਿਓਜ਼ ਤੋਂ ਨਸ਼ਰ ਕੀਤੇ ਜਾਂਦੇ ਪ੍ਰੋਗਰਾਮ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਸ਼ਡਿਊਲ ਅਨੁਸਾਰ ਉਹਨਾਂ ਦੇ ਸਕੂਲਾਂ ਵਿੱਚ ਹੀ ਐਜੂਸੈਟ ਕਮਰੇ ਵਿੱਚ ਅਟੈਂਡ ਕੀਤੇ ਜਾਂਦੇ ਹਨ। ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀਆਂ ਨੂੰ ਨਸ਼ਰ ਹੋਣ ਵਾਲੇ ਐਜੂਸੈਟ ਪ੍ਰੋਗਰਾਮਾਂ ਬਾਰੇ ਉਹਨਾਂ ਦੇ ਵਿਸ਼ਾ ਅਧਿਆਪਕਾਂ ਦੁਆਰਾ ਪਹਿਲਾਂ ਤੋਂ ਹੀ ਸੰਖੇਪ ਵਿੱਚ ਦੱਸਿਆ ਹੋਵੇ ਅਤੇ ਇਸੇ ਤਰ੍ਹਾਂ ਨਸ਼ਰ ਹੋਏ ਪ੍ਰੋਗਰਾਮ ਉਪਰੰਤ ਸਬੰਧਤ ਵਿਸ਼ੇ ਬਾਰੇ ਅਧਿਆਪਕ, ਵਿਦਿਆਰਥੀਆਂ ਨਾਲ ਉਸ ਵਿਸ਼ੇ ਤੇ ਸੰਖੇਪ ਚਰਚਾ ਜਰੂਰ ਕਰਨ।

1.1 ਅਧਿਆਪਕ ਅਤੇ ਵਿਦਿਆਰਥੀ ਨਸ਼ਰ ਕੀਤੇ ਜਾ ਰਹੇ ਪ੍ਰੋਗਰਾਮ ਸਬੰਧੀ ਆਪਣੇ ਸੰਖੇਪ ਨੋਟ ਵੀ ਨਾਲ ਦੀ ਨਾਲ ਤਿਆਰ ਕਰਨ ਅਤੇ ਐਜੂਸੈਟ ਰੂਮ ਵਿੱਚ ਆਪਣੀ ਨੋਟਬੁੱਕ ਅਤੇ ਪੈਨ ਨਾਲ ਹੀ ਲੈ ਕੇ ਜਾਣ ਤਾਂ ਜੋ ਜਰੂਰੀ ਨੋਟ ਕਰਨ ਵਾਲੇ ਨੁਕਤੇ ਨੋਟਬੁੱਕ ਵਿੱਚ ਲਿਖੇ ਜਾ ਸਕਣ। ਐਜੂਸੈਟ ਕਮਰੇ ਵਿੱਚ ਬਲੈਕਬੋਰਡ ਤੇ ਅਧਿਆਪਕ ਦੁਆਰਾ ਨਾਲ ਦੀ ਨਾਲ ਨਸ਼ਰ ਕੀਤੇ ਜਾ ਰਹੇ ਪ੍ਰੋਗਰਾਮ ਸਬੰਧੀ ਨੁਕਤੇ ਵੀ ਦਰਜ ਕੀਤੇ ਜਾਣ ਤਾਂ ਜੋ ਵਿਦਿਆਰਥੀਆਂ ਦੀ ਸਿੱਖਣ ਪ੍ਰੀਕ੍ਰਿਆ ਵਿੱਚ ਹੋਰ ਵਾਧਾ ਹੋਵੇ। ਜਿਆਦਾ ਮੀਂਹ ਜਾਂ ਹੋਰ ਕਿਸੇ ਤਕਨੀਕੀ ਨੁਕਸ ਪੈ ਜਾਣ ਕਾਰਣ ਜੇਕਰ ਨੈਟਵਰਕ ਫੇਲ ਹੋ ਜਾਂਦਾ ਹੈ ਤਾਂ ਅਧਿਆਪਕ ਖੁੱਦ ਉਸੇ ਟਾਪਿਕ ਨੂੰ ਜਾਰੀ ਰੱਖਦੇ ਹੋਏ ਵਿਦਿਆਰਥੀਆਂ ਨੂੰ ਬੋਰਡ ਦੀ ਸਹਾਇਤਾ ਨਾਲ ਖੁੱਦ ਪੜ੍ਹਾਏਗਾ।

1.2 ਇੰਸਪੈਕਸ਼ਨ ਟੀਮਾਂ ਦੀ ਵਿਜ਼ਿਟ ਦੌਰਾਨ ਉਪਰੋਕਤ ਅਨੁਸਾਰ ਰਿਪੋਰਟ ਵਿੱਚ ਇਹ ਪ੍ਰੀਕ੍ਰਿਆ ਵੀ ਦੇਖੀ ਜਾਇਆ ਕਰੇ ਅਤੇ ਨਾਲ ਹੀ ਯਕੀਨੀ ਬਣਾਇਆ ਜਾਵੇ ਕਿ ਐਜੂਸੈਟ ਕਮਰੇ ਵਿੱਚ ਮਹੀਨਾਵਾਰ ਸ਼ਡਿਊਲ, ਐਜੂਸੈਟ ਟਾਈਮ ਟੇਬਲ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਦਾ ਇੰਦਰਾਜ ਕੀਤਾ ਜਾਂਦਾ ਹੈ। ਐਜੂਸੈਟ ਪ੍ਰੋਗਰਾਮਾਂ ਸਬੰਧੀ ਸਵੇਰ ਦੀ ਸਭਾ ਵਿੱਚ ਹੀ ਟਾਪਿਕਾਂ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਜਾ ਸਕਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ
ਮਿਤੀ: 13-08.15

ਪਿੱਠਅੰਕਣ ਨੰ.: 24/8/2007/ਪੀ.ਈ.ਐਸ/ਫੀਲਡ ਰਿਪੋਰਟ/7385

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਜੀ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਡਿਪਟੀ ਡਾਇਰੈਕਟਰ, ਐਸ.ਆਈ.ਐਸ.ਈ ਪੰਜਾਬ ਪੱਤਰ ਨੰ. 24/123/2013/ਪੀ.ਈ.ਐਸ/ਆਰ.ਪੀ/7722, ਮਿਤੀ 28.05.2015 ਦੇ ਹਵਾਲੇ ਨਾਲ।
4. ਸਮੂਹ ਪ੍ਰਿੰਸੀਪਲ ਡਾਈਟ।
5. ਏ.ਜੀ.ਐਮ.(ਵਿੱਤ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
6. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਤੇ ਪਾਉਣ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ